10 ਅਕਤੂਬਰ, 2023

# ਸਿਟੀ ਹੁਣ ਟਿਕਟਾਂ ਅਤੇ ਜੁਰਮਾਨਿਆਂ ਦੇ ਵਿਵਾਦ ਅਤੇ ਭੁਗਤਾਨ ਲਈ ਔਨਲਾਈਨ ਵਿਕਲਪ ਪੇਸ਼ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ ਦਾ ਐਡਮਿਨਿਸਟ੍ਰੇਟਿਵ ਪੈਨਲਟੀ ਸਿਸਟਮ (ਏ.ਪੀ.ਐਸ.) (Administrative Penalty System) (APS), ਹੁਣ ਆਪਣੇ ਨਵੇਂ ਔਨਲਾਈਨ ਪਲੇਟਫਾਰਮ ਦੁਆਰਾ ਟਿਕਟਾਂ ਦੇ ਭੁਗਤਾਨ ਅਤੇ ਵਿਵਾਦ ਨੂੰ ਅਸਾਨ ਬਣਾ ਰਿਹਾ ਹੈ। ਨਵਾਂ ਔਨਲਾਈਨ ਏ.ਪੀ.ਐਸ. (APS) ਪਲੇਟਫਾਰਮ, 16 ਅਕਤੂਬਰ, 2023 ਤੋਂ ਉਪਲਬਧ ਹੋਵੇਗਾ।

ਏ.ਪੀ.ਐਸ., ਪਾਰਕਿੰਗ ਅਤੇ ਦੂਜੇ ਬਾਇ-ਲਾਅ ਜੁਰਮਾਨਿਆਂ ਦੇ ਭੁਗਤਾਨ, ਸਮੀਖਿਆ ਅਤੇ ਇਕੱਤਰੀਕਰਨ ਲਈ, ਇੱਕ ਤੇਜ਼ ਅਤੇ ਵਿਘਨ ਰਹਿਤ ਸਿਸਟਮ ਹੈ। ਇਸਨੂੰ ਐਨਫੋਰਸਮੈਂਟ ਪ੍ਰਕਿਰਿਆ ਨੂੰ ਅਸਾਨ ਬਣਾਉਣ ਅਤੇ ਸਿਟੀ ਆਫ ਬ੍ਰੈਂਪਟਨ ਦੇ ਬਾਇ-ਲਾਅਜ ਦੀ ਪਾਲਣਾ ਨੂੰ ਇਸ ਤਰੀਕੇ ਨਾਲ ਵਧਾਉਣ ਲਈ ਤਿਆਰ ਕੀਤਾ ਗਿਆ ਹੈ, ਜੋ ਨਿਰਪੱਖ, ਪ੍ਰਭਾਵੀ ਅਤੇ ਕੁਸ਼ਲ ਹੋਵੇ।

ਐਨਫੋਰਸਮੈਂਟ ਟੂਲ ਦੁਆਰਾ, ਬਾਇ-ਲਾਅ ਸਬੰਧੀ ਵਿਵਾਦਾਂ ਨੂੰ ਅਦਾਲਤੀ ਕਮਰੇ ਤੋਂ ਮਿਊਨਿਸਿਪਲਟੀ ਨੂੰ ਸੁਤੰਤਰ ਸਕ੍ਰੀਨਿੰਗ ਅਤੇ ਸੁਣਵਾਈ ਅਫਸਰਾਂ ਦੀ ਵਰਤੋਂ ਕਰਦੇ ਹੋਏ ਟ੍ਰਾਂਸਫਰ ਕੀਤਾ ਜਾਵੇਗਾ, ਜੋ ਜੁਰਮਾਨੇ ਦੀ ਪੁਸ਼ਟੀ ਕਰ ਸਕਦੇ ਹਨ, ਘਟਾ ਸਕਦੇ ਹਨ ਜਾਂ ਰੱਦ ਕਰ ਸਕਦੇ ਹਨ।

**ਜੁਰਮਾਨਿਆਂ ਦੀ ਪ੍ਰਕਿਰਿਆ ਬਾਰੇ:**

ਜੁਰਮਾਨਾ ਨੋਟਿਸ ਪ੍ਰਾਪਤ ਕਰਨ ਵਾਲੇ ਵਿਅਕਤੀ ਇਹ ਕਰ ਸਕਦੇ ਹਨ:

- ਜੁਰਮਾਨਾ ਨੋਟਿਸ ਦਾ ਭੁਗਤਾਨ; ਜਾਂ
- ਸਕ੍ਰੀਨਿੰਗ ਅਫਸਰ ਵੱਲੋਂ ਸਮੀਖਿਆ ਦੀ ਬੇਨਤੀ

ਸਕ੍ਰੀਨਿੰਗ ਸਮੀਖਿਆਵਾਂ ਨੂੰ ਹੁਣ ਔਨਲਾਈਨ ਲਿਖਤੀ ਸਬਮਿਸ਼ਨ ਦੇ ਦੁਆਰਾ ਪੂਰਾ ਕੀਤਾ ਜਾ ਸਕਦਾ ਹੈ, ਜੁਰਮਾਨੇ ਦੀ ਤਸਦੀਕ ਕਰਨ, ਇਸਨੂੰ ਘਟਾਉਣ ਜਾਂ ਰੱਦ ਕਰਨ ਦੀ ਅਥਾੱਰਿਟੀ ਰੱਖਣ ਵਾਲੇ ਸਕ੍ਰੀਨਿੰਗ ਅਫਸਰ ਵੱਲੋਂ ਇਸਦੀ ਸਮੀਖਿਆ ਕੀਤੀ ਜਾਵੇਗੀ ਅਤੇ ਇਸਨੂੰ ਪੂਰਾ ਕੀਤਾ ਜਾਵੇਗਾ।

ਜੇਕਰ ਕੋਈ ਵਿਅਕਤੀ, ਸਕ੍ਰੀਨਿੰਗ ਅਫਸਰ ਦੇ ਫੈਸਲੇ ਤੋਂ ਅਸਹਿਮਤ ਹੋਵੇ, ਤਾਂ ਉਹਨਾਂ ਕੋਲ ਸੁਣਵਾਈ ਸਮੀਖਿਆ ਮੀਟਿੰਗ ਦੀ ਬੇਨਤੀ ਕਰਨ ਲਈ, ਫੈਸਲੇ ਦੇ ਬਾਅਦ 15 ਦਿਨਾਂ ਦਾ ਸਮਾਂ ਹੋਵੇਗਾ। ਸੁਣਵਾਈ ਸਮੀਖਿਆਵਾਂ, ਔਨਲਾਈਨ ਵਰਚੁਅਲ (ਆਭਾਸੀ) ਪਲੇਟਫਾਰਮ ਵਰਤਦੇ ਹੋਏ ਕੀਤੀਆਂ ਜਾਣਗੀਆਂ।

ਸੁਣਵਾਈ ਸਮੀਖਿਆ ਮੀਟਿੰਗ ਦੇ ਬਾਅਦ, ਸੁਣਵਾਈ ਅਫਸਰ ਦਾ ਫੈਸਲਾ, ਫਾਈਨਲ ਹੋਵੇਗਾ।

**ਲਿੰਕ:**

ਵਧੇਰੇ ਜਾਣਕਾਰੀ ਲਈ, ਜਾਂ ਭੁਗਤਾਨ ਕਰਨ ਲਈ ਜਾਂ ਜੁਰਮਾਨਾ ਨੋਟਿਸ ਤੇ ਵਿਵਾਦ ਲਈ, ਕਿਰਪਾ ਕਰਕੇ ਇੱਥੇ ਜਾਓ:
www.brampton.ca/courtservices

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca